# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 11-05-2024**

- ਲੋਕ ਸਭਾ ਚੋਣਾਂ ਦੇ ਚੌਥੇ ਗੇੜ ਵਿਚ 9 ਸੂਬਿਆਂ ਅਤੇ ਇਕ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ, 96 ਸੀਟਾਂ 'ਤੇ ਚੋਣ ਪ੍ਰਚਾਰ ਅੱਜ ਸ਼ਾਮ ਪੰਜ ਵਜੇ ਸਮਾਪਤ ਹੋ ਗਿਆ ਏ।
- ਸੀਮਾ ਸੁਰੱਖਿਆ ਬੱਲ ਦੇ ਡਾਇਰੈਕਟਰ ਜਨਰਲ ਨਿਤਿਨ ਅਗਰਵਾਲ ਨੇ ਅਟਾਰੀ ਵਿਖੇ JCP ਲਾਗੇ ਸ਼ਾਹੀ ਕਿਲਾ ਕੰਪਲੇਕ੍ਸ ਵਿਚ, 350 ਫੁਟ ਦੀ ਉਚਾਈ ਤੇ ਬਲ ਦਾ ਸਬ ਤੋਂ ਉੱਚਾ ਝੰਡਾ ਲਹਿਰਾਇਆ।
- ਪੰਜਾਬ ਦੇ ਮਹਾਨ ਸਾਹਿਤਕਾਰ ਤੇ ਉਘੇ ਕਵੀ ਪਦਮਸ਼੍ਰੀ ਡਾਕਟਰ ਸੁਰਜੀਤ ਪਾਤਰ ਦਾ ਅੱਜ ਤੜਕਸਾਰ ਦਿਹਾਂਤ ਹੋ ਗਿਆ ਏ, ਵੱਖ ਵੱਖ ਸ਼ਖਸ਼ੀਯਤਾਂ ਨੇ ਸ਼ਰਧਾਂਜਲੀ ਭੇਂਟ ਕੀਤੀ।

--------------------------------------------------

ਲੋਕ ਸਭਾ ਚੋਣਾਂ ਦੇ ਚੌਥੇ ਗੇੜ ਦਾ ਪ੍ਰਚਾਰ ਅੱਜ ਸ਼ਾਮ ਪੰਜ ਵਜੇ ਸਮਾਪਤ ਹੋ ਗਿਆ। ਓਡੀਸ਼ਾ 'ਚ ਵਿਧਾਨ ਸਭਾ ਚੋਣਾਂ ਦੇ ਪਹਿਲੇ ਗੇੜ ਅਤੇ ਆਂਧਰਾ ਪ੍ਰਦੇਸ਼ 'ਚ ਵਿਧਾਨ ਸਭਾ ਚੋਣਾਂ ਦੇ ਇਸੇ ਗੇੜ ਲਈ ਪ੍ਰਚਾਰ ਵੀ ਅੱਜ ਸ਼ਾਮ ਹੀ ਸਮਾਪਤ ਹੋਇਆ। ਚੌਥੇ ਗੇੜ ਵਿਚ 13 ਮਈ ਨੂੰ 9 ਸੂਬਿਆਂ ਅਤੇ ਇਕ ਕੇਂਦਰ ਸ਼ਾਸਿਤ ਪ੍ਰਦੇਸ਼ ਦੀਆਂ 96 ਸੀਟਾਂ 'ਤੇ ਵੋਟਿੰਗ ਹੋਵੇਗੀ। ਇਸ ਗੇੜ ਵਿੱਚ ਆਂਧਰਾ ਪ੍ਰਦੇਸ਼ ਵਿੱਚ 25, ਬਿਹਾਰ ਵਿੱਚ ਪੰਜ, ਝਾਰਖੰਡ ਵਿੱਚ ਚਾਰ, ਮੱਧ ਪ੍ਰਦੇਸ਼ ਵਿੱਚ ਅੱਠ, ਮਹਾਰਾਸ਼ਟਰ ਵਿੱਚ 11, ਉੜੀਸਾ ਵਿੱਚ ਚਾਰ, ਤੇਲੰਗਾਨਾ ਵਿੱਚ 17, ਉੱਤਰ ਪ੍ਰਦੇਸ਼ ਵਿੱਚ 13, ਪੱਛਮੀ ਬੰਗਾਲ ਵਿੱਚ ਅੱਠ ਅਤੇ ਜੰਮੂ ਕਸ਼ਮੀਰ ਵਿੱਚ ਇੱਕ ਸੀਟ ਸ਼ਾਮਲ ਏ।

--------------------------------------------------

ਫਾਰਮਾ ਓਪੀ-ਓਡਜ਼ ਵਿਰੁੱਧ ਵੱਡੀ ਖੁਫੀਆ ਕਾਰਵਾਈ ਕਰਦਿਆਂ, ਪੰਜਾਬ ਪੁਲਿਸ ਦੇ ਵਿਸ਼ੇਸ਼ ਕਾਰਜ ਬਲ ਨੇ ਹਿਮਾਚਲ ਪ੍ਰਦੇਸ਼ ਦੇ ਬੱਦੀ ਸਥਿਤ ਫਾਰਮਾ ਫੈਕਟਰੀ ਤੋਂ ਚੱਲ ਰਹੇ ਸਾਈਕੋ-ਟ੍ਰੋਪਿਕ

ਪਦਾਰਥਾਂ ਦੇ ਨਿਰਮਾਣ ਅਤੇ ਸਪਲਾਈ ਯੂਨਿਟਾਂ ਦੇ ਅੰਤਰ-ਰਾਜੀ ਗੈਰ-ਕਾਨੂੰਨੀ ਨੈਟਵਰਕ ਦਾ ਪਰਦਾਫਾਸ਼ ਕੀਤਾ ਏ। ਪੰਜਾਬ ਪੁਲਿਸ ਮੁੱਖੀ ਗੌਰਵ ਯਾਦਵ ਨੇ ਇਹ ਜਾਣਕਾਰੀ ਦਿੱਤੀ ਏ। ਇਹ ਕਾਰਵਾਈ ਵਿਸ਼ੇਸ਼ ਕਾਰਜ ਬਲ, ਬਾਰਡਰ ਰੇਂਜ, ਅੰਮ੍ਰਿਤਸਰ ਵੱਲੋਂ ਗ੍ਰਿਫ਼ਤਾਰ ਕੀਤੇ ਤਰਨਤਾਰਨ ਦੇ ਪਿੰਡ ਕੋਟ ਮੁਹੰਮਦ ਖਾਂ ਦੇ ਸੁਖਵਿੰਦਰ ਸਿੰਘ ਉਰਫ ਧਾਮੀ ਅਤੇ ਅੰਮ੍ਰਿਤਸਰ ਦੇ ਗੋਵਿੰਦ ਨਗਰ ਦੇ ਜਸਪ੍ਰੀਤ ਸਿੰਘ ਉਰਫ ਜੱਸ ਨਾਮੀ ਦੋ ਨਸ਼ਾ ਤਸਕਰਾਂ ਦੇ ਅਗਲੇ-ਪਿਛਲੇ ਸਬੰਧਾਂ ਦੀ ਤਿੰਨ ਮਹੀਨਿਆਂ ਤੱਕ ਕੀਤੀ ਬਾਰੀਕੀ ਨਾਲ ਜਾਂਚ ਉਪਰੰਤ ਕੀਤੀ ਗਈ ਏ। ਪੰਜ ਸੂਬਿਆਂ ਵਿੱਚ ਚਲਾਏ ਇਸ ਪੂਰੇ ਆਪ੍ਰੇਸ਼ਨ ਦੌਰਾਨ, ਪੁਲਿਸ ਨੇ ਕੁੱਲ 7 ਨਸ਼ਾ ਤਸਕਰਾਂ ਤੇ ਸਪਲਾਈਰਾਂ ਨੂੰ ਗ੍ਰਿਫ਼ਤਾਰ ਕੀਤਾ ਏ ਅਤੇ 70 ਲੱਖ 42 ਹਜ਼ਾਰ ਨਸ਼ੀਲੀਆਂ ਗੋਲੀਆਂਤੇ ਕੈਪਸੂਲ, 2 ਲੱਖ 37 ਹਜ਼ਾਰ ਰੁਪਏ ਦੀ ਡਰੱਗ ਮਨੀ ਅਤੇ 725 ਕਿਲੋ 5 ਗ੍ਰਾਮ ਨਸ਼ੀਲੇ ਟਰਾਮਾ-ਡੋਲ ਪਾਊਡਰ ਦੀ ਬਰਾਮਦਗੀ ਹੋਈ ਏ। ਇਹਨਾਂ ਪੰਜ ਸੂਬਿਆਂ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਮਹਾਰਾਸ਼ਟਰ ਸ਼ਾਮਲ ਨੇ।

---------------------------------------------------------------

ਸੀਮਾ ਸੁਰੱਖਿਆ ਬੱਲ ਦੇ ਡਾਇਰੈਕਟਰ ਜਨਰਲ ਨਿਤਿਨ ਅਗਰਵਾਲ ਨੇ, ਪੰਜਾਬ ਵਿਚ ਪਾਕਿਸਤਾਨ ਨਾਲ ਲੱਗਦੀ ਕੌਮਾਂਤਰੀ ਸਰਹੱਦ ਦਾ ਦੋ ਦਿਨ ਤਕ ਦੌਰਾ ਕੀਤਾ। ਇਸ ਦੌਰਾਨ ਉਨਾਂ ਲੋਕਸਭਾ ਚੋਣਾਂ ਨੂੰ ਲੈ ਕੇ ਬੱਲ ਦੀ ਤਾਇਨਾਤੀ ਦੀ ਸਮੀਖਿਆ ਕੀਤੀ ਅਤੇ ਸਰਹਦ ਤੇ ਪੇਸ਼ ਚੁਣੌਤੀਆਂ ਬਾਰੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਬਲ ਦੇ ਪੰਜਾਬ ਫਰੰਟੀਅਰ ਦੇ ਆਈ ਜੀ ਡਾਕਟਰ ਅਤੁਲ ਫੁਲਝੇਲੇ ਨੇ ਉਨਾਂ ਨੂੰ ਸਰਹੱਦ ਦੇ ਹਾਲਾਤ ਤੋਂ ਜਾਣੂ ਕਰਵਾਇਆ। ਆਪਣੇ ਇਸ ਦੌਰੇ ਦੇ ਅੱਜ ਦੂਜੇ ਦਿਨ ਇਕ ਯਾਦਗਾਰੀ ਤੇ ਇਤਿਹਾਸਕ ਮੌਕੇ ਵਜੋਂ ਨਿਤਿਨ ਅਗਰਵਾਲ ਨੇ, ਅੰਮ੍ਰਿਤਸਰ ਵਿਚ ਅਟਾਰੀ ਵਿਖੇ JCP ਲਾਗੇ ਸ਼ਾਹੀ ਕਿਲਾ ਕੰਪਲੇਕ੍ਸ ਵਿਚ, ਸੀਮਾ ਸੁਰੱਖਿਆ ਬਲ ਦਾ 350 ਫੁਟ ਉੱਚਾ ਝੰਡਾ ਲਹਿਰਾਇਆ। ਇਹ ਝੰਡਾ 60 ਫੁਟ ਲੰਬਾ ਤੇ 40 ਫੁਟ ਚੌੜਾ ਏ ਅਤੇ ਇਥੇ ਪਹਿਲਾਂ ਤੋਂ ਹੀ ਸਥਾਪਤ ਕੌਮੀ ਤਿਰੰਗੇ ਨਾਲ ਹੁਣ ਇਸ ਝੰਡੇ ਨੂੰ ਵੀ ਕਈ ਕਿਲੋਮੀਟਰ ਤੋਂ ਵੇਖਿਆ ਜਾ ਸਕੇਗਾ। ਡਾਇਰੈਕਟਰ ਜਨਰਲ ਨਿਤਿਨ ਅਗਰਵਾਲ ਨੇ ਅਟਾਰੀ ਵਿਖੇ ਸੀਮਾ ਸੁਰੱਖਿਆ ਬਲ ਦੇ ਜਵਾਨਾਂ ਨਾਲ

ਪ੍ਰਹਰੀ ਭੋਜ ਦੌਰਾਨ ਗੱਲਬਾਤ ਕੀਤੀ ਅਤੇ ਵੱਡੀਆਂ ਚੁਣੌਤੀਆਂ ਤੇ ਕਠਿਨਾਈ ਦੇ ਬਾਵਜੂਦ ਸਰਹੱਦ ਦੀ ਰਾਖੀ ਪੂਰੀ ਤਨਦੇਹੀ ਨਾਲ ਕਰਨ ਦੇ ਜਵਾਨਾਂ ਦੇ ਜਜਬੇ ਦੀ ਸ਼ਲਾਘਾ ਕੀਤੀ। ਇਸ ਤੋਂ ਪਹਿਲਾਂ ਅੱਜ ਸਵੇਰੇ ਉਨਾਂ ਫਿਰੋਜ਼ਪੁਰ ਵਿਚ ਸੀਮਾ ਸੁਰੱਖਿਆ ਬੱਲ ਦੇ ਕੇ ਨਾਇਨ ਡੋਗ ਸਿਖਲਾਈ ਕੇਂਦਰ ਦਾ ਦੌਰਾ ਕੀਤਾ। ਉਨ੍ਹਾਂ ਕੁੱਤਿਆਂ ਦੀ ਉੱਨਤ ਸਿਖਲਾਈ ਵਿਧੀਆਂ ਦੇ ਮਹੱਤਵ 'ਤੇ ਜ਼ੋਰ ਦਿੱਤਾ ਅਤੇ ਵਡਮੁੱਲੀ ਭੂਮਿਕਾਵਾਂ ਨੂੰ ਰੇਖਾਂਕਿਤ ਕੀਤਾ ਜਿਹੜੀ ਕਿ ਡਿਊਟੀ ਦੀ ਲਾਈਨ ਵਿੱਚ ਕੁੱਤਿਆਂ ਵਲੋਂ ਨਿਭਾਈ ਜਾਂਦੀ ਏ। ਇਹ ਕੇਂਦਰ ਸਰਹੱਦ 'ਤੇ ਵੱਖ-ਵੱਖ ਸੁਰੱਖਿਆ ਅਤੇ ਸੰਚਾਲਨ ਗਤੀਵਿਧੀਆਂ ਵਿੱਚ ਸਿਖਲਾਈ ਪ੍ਰਾਪਤ ਕੁੱਤਿਆਂ ਦੀ ਸਰਗਰਮ ਭਾਗੀਦਾਰੀ ਨੂੰ ਮਹੱਤਵਪੂਰਨ ਤੌਰ 'ਤੇ ਵਧਾਉਣ ਲਈ ਤਿਆਰ ਏ। ਸੀਮਾ ਸੁਰੱਖਿਆ ਬੱਲ ਦੀਆਂ ਇਹ ਪਹਿਲਕਦਮੀਆਂ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਅਤੇ ਇਸ ਦੇ ਨਾਗਰਿਕਾਂ ਨੂੰ ਕੌਮਾਂਤਰੀ ਖਤਰਿਆਂ ਤੋਂ ਬਚਾਉਣ ਲਈ ਬੱਲ ਦੇ ਦ੍ਰਿੜ ਸੰਕਲਪ ਦੀ ਮਹੱਤਵਪੂਰਨ ਯਾਦ ਦਿਵਾਉਂਦੀਆਂ ਨੇ ਅਤੇ ਭਾਰਤ ਦੀ ਖੇਤਰੀ ਅਖੰਡਤਾ

ਤੇ ਕੌਮੀ ਸੁਰੱਖਿਆ ਦੇ ਇੱਕ ਮਜ਼ਬੂਤ ਸਰਪ੍ਰਸਤ ਵਜੋਂ ਆਪਣੀ ਸਥਿਤੀ ਦੀ ਪੁਸ਼ਟੀ ਕਰਦੀਆਂ ਨੇ।

---------------------------------------------------

ਅੱਜ ਰਾਸ਼ਟਰੀ ਤਕਨਾਲੋਜੀ ਦਿਵਸ ਏ। ਸਾਲ 1998 ਵਿਚ ਅੱਜ ਦੇ ਹੀ ਦਿਨ ਪੋਖਰਣ ਵਿਖੇ ਕੀਤੇ ਗਏ ਸਫਲ ਪ੍ਰਮਾਣੂ ਪ੍ਰੀਖਣਾਂ ਦੀ ਵਰ੍ਹੇਗੰਢ ਮਨਾਉਣ ਲਈ ਹੀ, ਹਰ ਵਰੇ 11 ਮਈ ਨੂੰ ਇਹ ਦਿਨ ਮਨਾਇਆ ਜਾਂਦਾ ਏ। ਪਠਾਨਕੋਟ ਵਿਚ ਆਰਮੀ ਪਬਲਿਕ ਸਕੂਲ ਮਾਧੋਪੁਰ ਵਿਖੇ ਸਕੂਲ ਦੇ ਵਿਦਿਆਰਥੀਆਂ ਨੇ ਵਿਗਿਆਨ ਪ੍ਰਦਰਸ਼ਨੀ ਲਗਾਈ ਜਿਸ ਵਿੱਚ ਵਿਦਿਆਰਥੀਆਂ ਨੇ ਵੱਖ-ਵੱਖ ਤਰ੍ਹਾਂ ਦੇ ਸਾਇੰਸ ਪ੍ਰੋਜੈਕਟ ਬਣਾਏ ਅਤੇ ਪ੍ਰਦਰਸ਼ਿਤ ਕੀਤੇ। ਸਕੂਲ ਦੇ ਪ੍ਰਿੰਸੀਪਲ ਦਿਲੀਪ ਕੁਮਾਰ ਨੇ ਦੱਸਿਆ ਕਿ ਇਸ ਦਿਵਸ ਨੂੰ ਮਨਾਉਣ ਦਾ ਮੁੱਖ ਮੰਤਵ ਭਾਰਤ ਅਤੇ ਵਿਸ਼ਵ ਦੇ ਮਹਾਨ ਵਿਗਿਆਨੀਆਂ ਨੂੰ ਯਾਦ ਕਰਨਾ ਏ ਤਾਂ ਜੋ ਆਉਣ ਵਾਲੀ ਪੀੜ੍ਹੀ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਵਿਗਿਆਨ ਦੇ ਖੇਤਰ ਵਿੱਚ ਨਵੇਂ ਮਿਆਰ ਕਾਇਮ ਕਰ ਸਕੇ। ਇਸ ਪ੍ਰਦਰਸ਼ਨੀ ਵਿੱਚ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ।

----------------------------------------------------------

ਪੰਜਾਬ ਦੇ ਮਹਾਨ ਸਾਹਿਤਕਾਰ ਤੇ ਉੱਘੇ ਕਵੀ ਪਦਮ ਸ੍ਰੀ ਡਾਕਟਰ ਸੁਰਜੀਤ ਪਾਤਰ ਦਾ ਅੱਜ ਤੜਕਸਾਰ ਦਿਹਾਂਤ ਹੋ ਗਿਆ। ਲੁਧਿਆਣਾ ਵਿਖੇ ਆਪਣੇ ਘਰ ਵਿਚ ਉਹ ਰਾਤ ਨੂੰ ਚੰਗੇ ਭਲੇ ਸੁੱਤੇ ਸਨ ਪਰ ਸਵੇਰ ਨੂੰ ਨਹੀਂ ਉੱਠੇ। ਇਹ ਦੁਖਭਰੀ ਖ਼ਬਰ ਸੁਣਦਿਆਂ ਹੀ, ਸਾਹਿਤ ਖੇਤਰ ਵਿਚ ਖ਼ਾਸਤੌਰ ਤੇ ਮਾਯੂਸੀ ਦੀ ਲਹਿਰ ਛਾ ਗਈ। ਜਲੰਧਰ ਜ਼ਿਲੇ ਦੇ ਪਾਤਰ ਕਲਾਂ ਪਿੰਡ ਦੇ ਜੰਮਪਲ, ਸੁਰਜੀਤ ਪਾਤਰ ਲੁਧਿਆਣਾ ਵਿਚ ਰਹਿੰਦੇ ਸਨ। ਉਨਾਂ ਦਾ ਅੰਤਮ ਸਸਕਾਰ ਲੁਧਿਆਣਾ ਵਿਚ 13 ਮਈ ਨੂੰ, ਪੂਰੇ ਸਰਕਾਰੀ ਸਨਮਾਨ ਨਾਲ ਕੀਤਾ ਜਾਵੇਗਾ।

***ਹੋਰ ਵੇਰਵੇ ਨਾਲ ਇਹ ਰਿਪੋਰਟ : ਡਿਸਪੈਚ: ਪਦਮਸ਼੍ਰੀ ਡਾਕਟਰ ਸੁਰਜੀਤ ਪਾਤਰ ਦਾ ਨਾਮ ਕਿਸੇ ਪਰਿਚੇ ਦਾ ਮੋਹਤਾਜ ਨਹੀਂ ਏ। ਪੰਜਾਬੀ ਸਾਹਿਤ ਵਿਚ ਬਾਬਾ ਬੋਹੜ ਵਜੋਂ ਪਛਾਣ ਸਥਾਪਤ ਕਾਰਨ ਵਾਲੇ ਡਾਕਟਰ ਸੁਰਜੀਤ ਪਾਤਰ 79 ਸਾਲ ਦੀ ਉਮਰ ਵਿਚ ਆਪਣੇ ਅਣਗਿਣਤ ਚਾਹੁਣ ਵਾਲਿਆਂ ਨੂੰ ਸਦੀਵੀ ਵਿਛੋੜਾ ਦੇ ਗਏ। ਦੱਸਿਆ ਜਾਂਦਾ ਏ ਕਿ ਤੜਕਸਾਰ ਨੀਂਦ ਵਿਚ ਹੀ ਉਨਾਂ ਨੂੰ ਦਿਲ ਦਾ***

ਦੌਰ ਪਿਆ ਅਤੇ ਜਦ ਤਕ ਪਰਿਵਾਰਕ ਮੈਂਬਰ ਸੰਭਲਦੇ ਉਹ ਇਸ ਦੁਨੀਆ ਨੂੰ ਅਲਵਿਦਾ ਕਹਿ ਚੁਕੇ ਸਨ। ਡਾਕਟਰ ਸੁਰਜੀਤ ਪਾਤਰ ਨੇ ਆਪਣੀਆਂ ਕਵਿਤਾਵਾਂ ਰਾਹੀਂ ਪੰਜਾਬੀ ਭਾਸ਼ਾ ਨੂੰ ਇੱਕ ਨਵਾਂ ਮੁਕਾਮ ਦਿੱਤਾ। ਉਨ੍ਹਾਂ ਦੀਆਂ ਰਚਨਾਵਾਂ ਵਿਚ ਮਨੁੱਖੀ ਸੰਵੇਦਨਾਵਾਂ, ਕੁਦਰਤ ਪ੍ਰਤੀ ਪ੍ਰੇਮ ਤੇ ਸਮਾਜਿਕ ਮੁੱਦੇ ਬਹੁਤ ਹੀ ਸੋਹਣੇ ਰੂਪ ਵਿਚ ਨਜ਼ਰ ਆਉਂਦੇ ਨੇ। ਪੰਜਾਬ, ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਪ੍ਰਤੀ ਇਸ ਵਿਲੱਖਣ ਦੇਣ ਲਈ ਹੀ ਸਨ 2012 ਵਿਚ ਡਾਕਟਰ ਸੁਰਜੀਤ ਪਾਤਰ ਨੂੰ ਦੇਸ਼ ਦੇ ਸਰਵਉੱਚ ਨਾਗਰਿਕ ਸਨਮਾਨ ਪਦਮਸ਼੍ਰੀ ਨਾਲ ਨਵਾਜਿਆ ਗਿਆ। ਇਸ ਤੋਂ ਅਲਾਵਾ ਸਾਹਿਤ ਅਕਾਦਮੀ ਪੁਰਸਕਾਰ ਸਮੇਤ ਕਈ ਵੱਕਾਰੀ ਪੁਰਸਕਾਰ ਸਮੇਂ ਸਮੇਂ ਤੇ ਉਨਾਂ ਦੇ ਜੀਵਨ ਦੇ ਸੁਨਹਿਰੀ ਪਨੀਆਂ ਦਾ ਹਿੱਸਾ ਬਣਦੇ ਰਹੇ। ਡਾਕਟਰ ਸੁਰਜੀਤ ਪਾਤਰ ਦੀਆਂ ਰਚਨਾਵਾਂ ਦਾ ਕਈ ਭਾਸ਼ਾਵਾਂ ਵਿੱਚ ਅਨੁਵਾਦ ਵੀ ਕੀਤਾ ਗਿਆ ਏ ਜਿਸ ਨਾਲ ਦੁਨੀਆ ਭਰ ਵਿੱਚ ਉਨਾਂ ਨੂੰ ਇਕ ਪਛਾਣ ਅਤੇ ਸ਼ਲਾਘਾ ਮਿਲੀ। ਡਾਕਟਰ ਸੁਰਜੀਤ ਪਾਤਰ ਦਾ ਇਸ ਸੰਸਾਰ ਤੋਂ ਚਲੇ ਜਾਣਾ ਪੰਜਾਬੀ ਸਾਹਿਤ ਜਗਤ ਲਈ ਨਾ ਪੂਰਿਆ ਜਾਣ ਵਾਲਾ

*ਇਕ ਵੱਡਾ ਘਾਟਾ ਏ । ਭਾਵੇਂ ਅੱਜ ਡਾਕਟਰ ਸੁਰਜੀਤ ਪਾਤਰ ਇਸ ਦੁਨੀਆ ਵਿਚ ਨਹੀਂ ਪਰ ਆਪਣੀਆਂ ਰਚਨਾਵਾਂ ਰਾਹੀਂ ਉਹ ਹਮੇਸ਼ਾ ਇਸ ਸੰਸਾਰਨਾਲ ਜੁੜੇ ਰਹਿਣਗੇ। Hold ਬਿਊਰੋ ਰਿਪੋਰਟ ਨਾਲ ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ*

------------------------------------------------

ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਡਾ. ਸੁਰਜੀਤ ਪਾਤਰ ਦੇ ਦੇਹਾਂਤ ਤੇ ਅਫਸੋਸ ਪ੍ਰਗਟ ਕੀਤਾ ਏ। ਆਪਣੇ ਸੁਨੇਹੇ ਵਿਚ ਉਨਾਂ ਕਿਹਾ ਕਿ ਪੰਜਾਬੀ ਬੋਲੀ ਦੇ ਮਾਣਮੱਤੇ ਪੁੱਤ ਸੁਰਜੀਤ ਪਾਤਰ ਦੇ ਅਚਾਨਕ ਚਲੇ ਜਾਣ ਤੇ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ ਏ, ਪੰਜਾਬੀ ਮਾਂ ਬੋਲੀ ਦਾ ਵਿਹੜਾ ਅੱਜ ਸੁੰਨਾਂ ਹੋ ਗਿਆ ਏ। ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸ਼ਾਹਕਾਰ ਰਚਨਾਵਾਂ ਦੇ ਰਚੇਤਾ ਡਾਕਟਰ ਸੁਰਜੀਤ ਪਾਤਰ ਦੇ ਵਿਛੋੜੇ ਨਾਲ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਵੱਡਾ ਘਾਟਾ ਪਿਆ ਏ । ਪੰਜਾਬ BJP ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਆਪਣੇ ਸ਼ੋਕ ਸੁਨੇਹੇ ਵਿਚ ਕਿਹਾ ਕਿ ਸਾਹਿਤਕਾਰ ਸੁਰਜੀਤ ਪਾਤਰ ਦਾ ਵਿਛੋੜਾ ਇੱਕ ਯੁੱਗ

ਦਾ ਅੰਤ ਏ । ਜਦੋਂ ਵੀ ਪੰਜਾਬੀ ਸਾਹਿਤ ਦੀ ਗੱਲ ਤੁਰੇਗੀ ਤਾਂ ਡਾ. ਸੁਰਜੀਤ ਪਾਤਰ ਦੀ ਬਾਤ ਵੀ ਜ਼ਰੂਰ ਪਵੇਗੀ ।

---------------------------------------------------------------

ਪੰਜਾਬ ਸਰਕਾਰ ਨੇ ਸੂਬੇ ਵਿੱਚ ਝੋਨੇ ਦੀ ਲੁਵਾਈ 2 ਹਿਸਿਆਂ ਵਿੱਚ 11 ਅਤੇ 15 ਜੂਨ ਤੋਂ ਸ਼ੁਰੂ ਕਰਨ ਦਾ ਐਲਾਨ ਕੀਤਾ ਏ । ਝੋਨੇ ਦੀ ਸਿੱਧੀ ਬਿਜਾਈ ਸਾਰੇ ਸੂਬੇ ਵਿੱਚ 15 ਮਈ ਤੋਂ ਸ਼ੁਰੂ ਹੋਵੇਗੀ । ਵਿਸ਼ੇਸ ਮੁੱਖ ਸਕੱਤਰ ਕੇ.ਏ.ਪੀ ਸਿਨਹਾ ਵੱਲੋਂ ਜਾਰੀ ਇਕ ਨੋਟੀਫਿਕੇਸ਼ਨ ਅਨੁਸਾਰ ਸ੍ਰੀ ਮੁਕਤਸਰਸਾਹਿਬ, ਫਰੀਦਕੋਟ, ਮਾਨਸਾ, ਫਾਜ਼ਿਲਕਾ, ਬਠਿੰਡਾ, ਫਿਰੋਜ਼ਪੁਰ ਅਤੇ ਕੌਮਾਂਤਰੀ ਸਰਹੱਦ ਦੇ ਨਾਲ ਕੰਡਿਆਲੀ ਤਾਰ ਤੋਂ ਪਾਰ ਦੇ ਖੇਤਰ ਵਿੱਚ 11 ਜੂਨ ਤੋਂ ਝੋਨਾ ਲਾਉਣ ਦੀ ਇਜ਼ਾਜਤ ਦਿੱਤੀ ਗਈ ਏ, ਜਦਕਿ ਮੋਗਾ, ਸੰਗਰੂਰ, ਬਰਨਾਲਾ, ਮਲੇਰਕੋਟਲਾ, ਪਟਿਆਲਾ, ਫਤਿਹਗੜ੍ਹ ਸਾਹਿਬ, ਐਸ.ਏ.ਐਸ ਨਗਰ, ਰੂਪ ਨਗਰ, ਲੁਧਿਆਣਾ, ਕਪੂਰਥਲਾ, ਜਲੰਧਰ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਤਰਨਤਾਰਨ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਵਿੱਚ 15 ਜੂਨ ਤੋਂ ਝੋਨਾ ਲਾਉਣ ਲਈ ਕਿਹਾ ਗਿਆ ਏ ।

---

## <u>ਅਖੀਰ ਵਿਚ ਖ਼ਾਸ ਖਬਰਾਂ ਇਕ ਵਾਰ ਫੇਰ ਤੋਂ</u>

- ਲੋਕ ਸਭਾ ਚੋਣਾਂ ਦੇ ਚੌਥੇ ਗੇੜ ਵਿਚ 9 ਸੂਬਿਆਂ ਅਤੇ ਇਕ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ, 96 ਸੀਟਾਂ 'ਤੇ ਚੋਣ ਪ੍ਰਚਾਰ ਅੱਜ ਸ਼ਾਮ ਪੰਜ ਵਜੇ ਸਮਾਪਤ ਹੋ ਗਿਆ ਏ।
- ਸੀਮਾ ਸੁਰੱਖਿਆ ਬੱਲ ਦੇ ਡਾਇਰੈਕਟਰ ਜਨਰਲ ਨਿਤਿਨ ਅਗਰਵਾਲ ਨੇ ਅਟਾਰੀ ਵਿਖੇ JCP ਲਾਗੇ ਸ਼ਾਹੀ ਕਿਲਾ ਕੰਪਲੇਕ੍ਸ ਵਿਚ, 350 ਫੁਟ ਦੀ ਉਚਾਈ ਤੇ ਬਲ ਦਾ ਸਬ ਤੋਂ ਉੱਚਾ ਝੰਡਾ ਲਹਿਰਾਇਆ।
- ਪੰਜਾਬ ਦੇ ਮਹਾਨ ਸਾਹਿਤਕਾਰ ਤੇ ਉਘੇ ਕਵੀ ਪਦਮਸ਼੍ਰੀ ਡਾਕਟਰ ਸੁਰਜੀਤ ਪਾਤਰ ਦਾ ਅੱਜ ਤੜਕਸਾਰ ਦਿਹਾਂਤ ਹੋ ਗਿਆ ਏ, ਵੱਖ ਵੱਖ ਸ਼ਖਸ਼ੀਯਤਾਂ ਨੇ ਸ਼ਰਧਾਂਜਲੀ ਭੇਂਟ ਕੀਤੀ।